# ਖੱਬੀ ਏਕਤਾ ਦੇ ਪ੍ਰਤੀਕ - (ਕਾ.) ਭਾਅ ਜੀ ਗੁਰਸ਼ਰਨ ਸਿੰਘ

– ਗੁਰਨਾਮ ਕੰਵਰ

ਭਾਅ ਜੀ ਗੁਰਸ਼ਰਨ ਸਿੰਘ ਦੀ ਅੰਤਮ ਯਾਤਰਾ ਸਮੇਂ ਲੱਗਦੇ ਹੋਏ ਜ਼ਿੰਦਗੀ ਨਾਲ ਭਰਪੂਰ ਨਾਹਰੇ "ਭਾਅ ਜੀ ਕਿਤੇ ਨਹੀਂ ਗਏ—ਭਾਅ ਜੀ ਇਥੇ ਹੀ ਨੇ" ਜਿਥੇ ਉਨ੍ਹਾਂ ਦੀ ਕਲਾ ਨੂੰ ਸਮਰਪਿਤ ਕਲਾਕਾਰਾਂ ਲਈ ਸੁਨੇਹਾ ਸਨ ਕਿ ਇਹ ਭਾਅ ਜੀ ਦੀ ਅੰਤਮ ਯਾਤਰਾ ਨਹੀਂ ਸਗੋਂ ਆਰੰਭਕ ਯਾਤਰਾ ਹੈ ਕਿ ਉਨ੍ਹਾਂ ਦੇ ਪਾਲੇ-ਪੋਸੇ ਹੋਏ ਕਲਾਕਾਰਾਂ ਨੇ ਹੀ ਜਿਥੇ ਹੁਣ ਭਾਅ ਜੀ ਦੇ ਕਲਾ ਜ਼ਿੰਦਗੀ ਨੂੰ ਸਮਰਪਿਤ ਉਦੇਸ਼ ਨੂੰ ਜੀਣਾ ਹੈ, ਲੋਕਾਂ ਲਈ ਲਿਖਣਾ, ਨਾਟ ਮੰਚਨ ਕਰਨਾ ਹੈ, ਨਾ ਕਿ ਕਿਸੇ ਮਾਇਕ ਜਾਂ ਕੈਰੀਅਰ ਦੇ ਮਨਸ਼ੇ ਨੂੰ ਮਾਪ-ਦੰਡ ਬਣਾਉਣਾ ਹੈ, ਉਥੇ ਨਾਲ ਹੀ ਖੱਬੀ ਸਿਆਸਤ—ਜਿਸਦੇ ਸਾਰੇ ਧੜਿਆਂ/ਧਿਰਾਂ ਸੀ.ਪੀ.ਆਈ. ਤੋਂ ਲੈ ਕੇ ਹਿੰਦ ਕਮਿਊਨਿਸਟ ਪਾਰਟੀ (ਮਾਰਕਸੀ),...ਕਮਿਊਨਿਸਟ ਪਾਰਟੀ (ਪੰਜਾਬ) ਅਤੇ ਜਿੰਨੇ ਵੀ ਮਾਓਵਾਦੀ/ਨਕਸਲੀ ਵਿਚਾਰਾਂ ਵਾਲੇ (ਅਣਗਿਣਤ) ਗਰੁੱਪ ਹਨ, ਦੇ ਧਾਰਨੀਆਂ ਲਈ ਵੀ ਸੁਨੇਹਾ ਹਨ ਕਿ ਜਦੋਂ ਪ੍ਰੇਰਨਾ-ਸਰੋਤ ਇਕ ਹੈ, ਜਾਂ ਮੰਜ਼ਲ ਇਕ ਹੈ ਤਾਂ ਵੱਖ-ਵੱਖ ਕਿਉਂ ਹੋ ਜਾਂ ਕਿਉਂ ਇਕੱਠੇ ਨਹੀਂ ਚਲ ਸਕਦੇ?

ਮੈਂ ਇਸ ਗੱਲ ਵਿਚ ਨਹੀਂ ਜਾਂਦਾ ਕਿ ਉਨ੍ਹਾਂ ਦੀ ਯਾਦ ਵਿਚ ਹੋਏ ਸਮਾਗਮ (ਉਹ ਕਦੇ ਮਰ ਨਹੀਂ ਸਕਦੇ, ਚਾਹੇ ਸਣੇ ਉਨ੍ਹਾਂ ਦੀਆਂ ਬੇਟੀਆਂ, ਉਨ੍ਹਾਂ ਨੂੰ ਪਿਆਰ ਕਰਨ ਵਾਲਿਆਂ, ਸਣੇ ਇਸ ਲੇਖਕ ਦੇ, ਨੇ ਜਿੰਨੇ ਮਰਜ਼ੀ ਅੱਥਰੂ ਵਹਾਏ ਹੋਣ, ਮੈਂ ਉਸ ਨੂੰ ਸ਼ਰਧਾਂਜਲੀ ਸਮਾਗਮ ਨਹੀਂ ਕਹਾਂਗਾ) ਨੂੰ ਕੌਣ ਆਯੋਜਿਤ ਕਰ ਰਿਹਾ ਹੈ, ਕੌਣ ਉਸ ਵਿਚ ਵਿਚਾਰ ਪ੍ਰਗਟ ਕਰਦਾ ਹੈ, ਕਿਸ ਨੂੰ ਮੌਕਾ ਮਿਲਦਾ ਹੈ ਜਾਂ ਦਿੱਤਾ ਜਾਂਦਾ ਹੈ ਅਤੇ ਕੌਣ, ਕਿਸ ਨੂੰ ਨਹੀਂ, ਪਰ ਇਕ ਗੱਲ, ਤੱਥ ਤਾਂ ਸਪਸ਼ਟ ਬੋਲਦਾ ਹੈ, ਤੇ ਕੋਈ ਵੀ ਕੱਟ ਨਹੀਂ ਸਕਦਾ ਕਿ ਉਹ ਹਰ ਖੱਬੀ ਵਿਚਾਰਧਾਰਾ ਵਾਲੀ ਸੰਸਥਾ ਦੇ ਬੁਲਾਵੇ ਉਤੇ ਪਹੁੰਚੇ, ਇਥੋਂ ਤੱਕ ਕਿ ਕੁਰਸੀ (ਜਿਸਨੂੰ ਉਨ੍ਹਾਂ ਸਾਰੀ ਉਮਰ ਤ੍ਰਿਸਕਾਰਿਆ) ਉਤੇ ਚੱਲ ਕੇ ਵੀ ਪਹੁੰਚੇ ਅਤੇ ਆਪਣੇ ਦਿਲੋਂ ਵਿਚਾਰ ਪੇਸ਼ ਕੀਤੇ, ਪਰ ਕਦੇ ਵੀ ਇਹ ਦੇਖ ਕੇ ਨਹੀਂ ਕਿ ਮੀਟਿੰਗ ਕਿਸ ਨੇ ਜਥੇਬੰਦ ਕੀਤੀ ਹੈ।

ਮੈਨੂੰ ਯਾਦ ਹੈ, ਅਤੇ ਚੰਗੀ ਤਰ੍ਹਾਂ ਯਾਦ ਹੈ ਕਿ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੀਆਂ ਚੋਣਾਂ ਸਨ, ਬਦਕਿਸਮਤੀ ਸੀ ਖੱਬੇ-ਪੱਖੀਆਂ ਦੀ ਕਿ ਕੁਝ ਤੰਗ ਨਜ਼ਰ ਲੇਖਕ ਆਗੂਆਂ ਦੀ ਸੋਚ ਕਾਰਨ ਸੀਪੀਆਈ ਨਾਲ ਵਫ਼ਾਦਾਰੀ ਰੱਖਣ ਵਾਲੇ ਲੇਖਕਾਂ ਅਤੇ ਸੀਪੀਆਈ (ਐਮ) ਨਾਲ ਵਫ਼ਾਦਾਰੀ ਰੱਖਣ ਵਾਲੇ ਲੇਖਕਾਂ ਨੇ ਸੌੜੇ ਹਿੱਤਾਂ ਕਾਰਨ ਕੁਝ ਇਹੋ ਜਿਹੀ ਹਾਲਤ ਬਣਾ ਦਿੱਤੀ ਕਿ ਧੀਰ/ਤਰਸੇਮ ਅਤੇ ਗੁਰਸ਼ਰਨ ਸਿੰਘ ਵਿਚਾਲੇ ਪ੍ਰਧਾਨ ਦੀ ਚੋਣ ਲੜਾ ਦਿੱਤੀ ਤਾਂ ਆਪਣੀ ਵੋਟ ਪਾਉਣ ਤੋਂ ਬਾਅਦ (ਬਿਨਾਂ ਨਤੀਜੇ ਦਾ ਇੰਤਜ਼ਾਰ ਕੀਤਿਆਂ) ਸਾਥੀ ਗੁਰਸ਼ਰਨ ਸਿੰਘ ਤਰਨ ਤਾਰਨ ਪਹੁੰਚੇ ਅਤੇ ਸੀਪੀਆਈ ਦੇ

ਜਲਸੇ ਵਿਚ ਲੋਕ-ਪੱਖੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸੇ ਤਰ੍ਹਾਂ ਉਹ ਸੀਪੀਆਈ (ਐਮ) ਦੇ ਜਲਸਿਆਂ ਵਿਚ ਵੀ ਜਾਂਦੇ ਸਨ ਅਤੇ ਹੋਰ ਲੋਕ-ਪੱਖੀ ਸਿਆਸੀ ਸਮਾਜਿਕ ਜਥੇਬੰਦੀਆਂ ਦੇ ਜਲਸਿਆਂ ਵਿਚ ਵੀ।

ਜੇ ਇਪਟਾ ਨੇ ਕੋਈ ਸਮਾਗਮ ਕੀਤਾ ਉਹ ਉਸ ਵਿਚ ਜਾਂਦੇ ਵੀ, ਪ੍ਰਧਾਨਗੀ ਵੀ ਕਰਦੇ, ਠੋਸ ਸੁਝਾਅ ਅਤੇ ਤਜਵੀਜ਼ਾਂ ਵੀ ਦਿੰਦੇ ਅਤੇ ਢਿੱਲ-ਮੱਠ ਦੇ ਦੋਸ਼ੀ ਸਾਥੀਆਂ ਨੂੰ ਖਰੀਆਂ-ਖਰੀਆਂ ਵੀ ਸੁਣਾਉਂਦੇ। ਇਸੇ ਤਰ੍ਹਾਂ ਉਹ ਦੂਜੀਆਂ ਲੋਕ-ਪੱਖੀ ਨਾਟ ਜਥੇਬੰਦੀਆਂ ਦੇ ਸਮਾਗਮਾਂ ਵਿਚ ਵੀ ਜਾ ਕੇ ਜਾਨ ਧੜਕਾ ਦਿੰਦੇ।

ਸੱਚ ਤਾਂ ਇਹ ਹੈ ਕਿ ਉਹ ਖੱਬਿਆਂ ਦੀ ਏਕਤਾ ਦੇ, ਮੈਂ ਤਾਂ ਕਹਾਂਗਾ ਕਿ ਕਮਿਊਨਿਸਟਾਂ ਦੀ ਏਕਤਾ ਦੇ, ਸਭ ਤੋਂ ਵੱਡੇ ਅਲਮ-ਬਰਦਾਰ ਸਨ ਕਿਉਂਕਿ ਇਸ ਵਿੱਚੋਂ ਹੀ ਸਾਡੇ ਪੰਜਾਬ ਦੇ, ਭਾਰਤ ਦੇ ਅਤੇ ਦੁਨੀਆਂ ਦੇ ਦੱਬੇ-ਕੁਚਲੇ ਲੋਕਾਂ ਦੀ ਬੰਦ-ਖਲਾਸੀ ਦਾ ਰਾਹ ਦੇਖਦੇ ਸਨ, ਇਸੇ ਲਈ ਉਹ ਇਪਟਾ ਵੱਲੋਂ ਜਾਂ ਸੀ.ਪੀ.ਆਈ. ਵੱਲੋਂ ਆਪਣੇ ਦਫ਼ਤਰ ਵਿਚ ਕੀਤੀਆਂ ਮੀਟਿੰਗਾਂ, ਵਰਕਸ਼ਾਪਾਂ ਵਿਚ ਵੀ ਆਪਣਾ ਪ੍ਰੋਗਰਾਮ ਮੰਨ ਕੇ ਖੁਸ਼ੀ-ਖੁਸ਼ੀ ਆਉਂਦੇ ਸਨ ਅਤੇ ਮੈਨੂੰ ਪੂਰੀ ਤਰ੍ਹਾਂ ਯਾਦ ਹੈ ਕਿ ਜਿਸ ਵੀ ਖੱਬੀ ਪਾਰਟੀ/ਸ਼ਕਤੀ ਦਾ ਉਨ੍ਹਾਂ ਨੂੰ ਸੱਦਾ ਮਿਲਦਾ ਸੀ ਉਹ ਖਿੜੇ-ਮੱਥੇ ਕਬੂਲਦੇ ਅਤੇ ਸ਼ਿਰਕਤ ਕਰਦੇ ਸਨ, ਸਰਗਰਮ ਸ਼ਿਰਕਤ।

ਸੁਨੇਹਾ ਵੀ ਸਪਸ਼ਟ ਹੈ ਅਤੇ ਵਕਤ ਦੀ ਜ਼ਰੂਰਤ ਬਾਰੇ ਸਮਝ ਅਤੇ ਸੋਚ ਵੀ ਸਪਸ਼ਟ ਹੈ ਕਿ ਅੱਜ ਜੋ ਪ੍ਰਸਥਿਤੀ ਹੈ, ਗੰਭੀਰ ਸਮੱਸਿਆਵਾਂ ਅਤੇ ਚੁਣੌਤੀਆਂ ਸਮੇਤ, ਉਸ ਵਿਚ ਨਾ ਕੇਵਲ ਸਾਡੇ ਪੰਜਾਬ, ਦੇਸ਼ ਦੇ ਲੋਕਾਂ ਦਾ, ਦੱਬੇ-ਕੁਚਲੇ ਮਿਹਨਤਕਸ਼ ਲੋਕਾਂ ਦਾ ਹਿੱਤ ਹੈ ਸਗੋਂ ਸਮੁੱਚੀ ਦੁਨੀਆਂ ਦੀ ਕਿਰਤੀ ਲੋਕਾਈ ਦਾ ਵੀ ਹਿੱਤ ਹੈ ਕਿ ਕਮਿਊਨਿਸਟ ਤਾਕਤਾਂ ਇਕਮੁੱਠ ਹੋਣ ਅਤੇ ਇਸ ਏਕਤਾ ਵੱਲ ਵਧਣ ਲਈ ਪਹਿਲਾਂ ਖੱਬੀਆਂ ਤਾਕਤਾਂ ਜ਼ਰੂਰ ਏਕਤਾਬੱਧ ਹੋ ਕੇ ਚੱਲਣ, ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਉਨ੍ਹਾਂ ਨੂੰ ਆਵਾਜ਼ਾਂ ਮਾਰਦੀਆਂ ਹਨ।

ਕਾਮਰੇਡ ਗੁਰਸ਼ਰਨ ਸਿੰਘ ਭਾਅ ਜੀ ਦਾ ਲੋਕਾਂ ਦੇ ਨਿਆਂਪੂਰਨ ਭਵਿੱਖ ਦਾ ਸੁਪਨਾ ਕਦੋਂ ਪੂਰਾ ਹੋਵੇਗਾ ਅਤੇ ਇਸ ਵਾਸਤੇ ਆਪਣੇ ਵਿੱਤ ਮੁਜਬ ਅਸੀਂ ਸਭਨਾਂ ਨੇ ਯੋਗਦਾਨ ਪਾਉਣਾ ਹੋਵੇਗਾ। ਭਾਅ ਜੀ ਦੇ ਸੁਪਨੇ, ਜੋ ਸਾਡੇ ਸਭਨਾਂ, ਕਿਰਤੀ-ਪੱਖੀ ਲੋਕਾਂ ਦੇ ਆਪਣੇ ਸੁਪਨੇ ਹਨ, ਦੀ ਪੂਰਤੀ ਲਈ ਪਹਿਲੀ ਸ਼ਰਤ ਇਨ੍ਹਾਂ ਸੁਪਨਿਆਂ ਨੂੰ ਪਰਨਾਈਆਂ ਸ਼ਕਤੀਆਂ ਦੀ ਏਕਤਾ ਹੈ:

ਦੁਨੀਆਂ ਭਰ ਦੇ ਮਿਹਨਤਕਸ਼ਾਂ ਨੂੰ ਇਕ ਹੋਣ ਦਾ ਹੋਕਾ ਦੇਣ ਵਾਲਿਓ,
ਪਹਿਲਾਂ ਆਪ ਤਾਂ ਇਕ ਹੋ ਜਾਓ!

ਮੋਬਾਈਲ : 9814213317
gurnamkanwar@gmail.com